ਪੰਜਾਬ ਸਰਕਾਰ

ਮਾਲ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ

(ਮੁਰੱਬਾਬੰਦੀ ਸਾਖਾ)

ਅਧਿਸੂਚਨਾ

ਮਿਤੀ 16-12-2016

ਨੰ: 23/12/2016-ਮਬ.5/ 21094 ਪੰਜਾਬ ਰਾਜ ਦੇ ਪਿੰਡਾਂ ਵਿੱਚ ਲਾਲ ਲਕੀਰ ਅੰਦਰ ਰਹਿ ਰਹੇ ਨਿਵਾਸੀਆਂ ਨੂੰ ਉਨ੍ਹਾਂ ਦੇ ਕਬਜੇ ਅਧੀਨ ਖਾਲੀ ਜਗ੍ਹਾ ਜਾਂ ਮਕਾਨ ਦੀ ਮਾਲਕੀ ਦਾ ਪ੍ਰਮਾਣ-ਪੱਤਰ ਦੇਣ ਦਾ ਅਭਿਆਨ ਸ਼ੁਰੂ ਕੀਤਾ ਗਿਆ ਹੈ, ਕਿਉਂਕਿ ਉਨ੍ਹਾਂ ਪਾਸ ਪਹਿਲਾਂ ਉਨ੍ਹਾਂ ਦੇ ਕਬਜੇ ਹੇਠ ਪਲਾਟ ਜਾਂ ਮਕਾਨ ਦਾ ਕੋਈ ਦਸਤਾਵੇਜ ਸਬੂਤ ਨਹੀ ਹੈ। ਲੋਕ ਹਿੱਤ ਵਿੱਚ ਅਜਿਹੇ ਨਿਵਾਸੀਆਂ ਨੂੰ ਪ੍ਰਮਾਣ-ਪੱਤਰ ਦੇਣ ਲਈ ਨਿਮਨ-ਲਿਖਤ ਅਨੁਸਾਰ ਪ੍ਰੀਕ੍ਰਿਆ ਨਿਸਚਿਤ ਕੀਤੀ ਗਈ ਹੈ:-

ਪ੍ਰੀਕ੍ਰਿਆ:-

1. ਪ੍ਰਾਰਥੀ ਪ੍ਰਤੀਬੇਨਤੀ ਨਿਰਧਾਰਤ ਪ੍ਰੋਫਾਰਮੇਂ (ਅਨੁਲੱਗ 'ੳ') ਵਿੱਚ ਸਬੰਧਤ ਸੇਵਾ ਕੇਂਦਰ ਵਿੱਚ ਦੇ ਸਕਦਾ ਹੈ। ਸੇਵਾ ਕੇਂਦਰ ਵੱਲੋਂ ਇਹ ਪ੍ਰਤੀਬੇਨਤੀ ਉਸ ਦੇ ਖੇਤਰ ਅਧੀਨ ਆਉਂਦੇ ਤਹਿਸੀਲਦਾਰ ਨੂੰ ਭੇਜੀ ਜਾਵੇਗੀ। ਜੇਕਰ ਕਿਸੇ ਖੇਤਰ ਵਿੱਚ ਸੇਵਾ ਕੇਂਦਰ ਨਹੀ ਹੈ ਤਾਂ ਬਿਨੈਕਾਰ ਪ੍ਰਤੀਬੇਨਤੀ ਆਪਣੇ ਇਲਾਕੇ ਦੇ ਤਹਿਸੀਲਦਾਰ ਨੂੰ ਸਿੱਧੇ ਤੌਰ ਤੇ ਦੇਵੇਗਾ।

2. ਇਸ ਪ੍ਰਤੀਬੇਨਤੀ ਨਾਲ ਪ੍ਰਾਰਥੀ ਆਪਣੀ ਜ਼ਮੀਨ ਦਾ ਚਾਰੇ ਪਾਸੇ ਦਾ ਵਿਵਰਨ ਅਤੇ ਖੇਤਰਫਲ ਦਾ ਨਕਸ਼ਾ ਵੀ ਦੇਵੇਗਾ। ਪ੍ਰਾਰਥੀ ਪ੍ਰਤੀਬੇਨਤੀ ਨਾਲ ਆਪਣੇ ਹਸਤਾਖਰਾਂ ਸਹਿਤ ਦੋ ਤਾਜ਼ਾ ਪਾਸਪੋਰਟ ਸਾਈਜ ਫੋਟੋ ਲਗਾਏਗਾ ।

3. ਪ੍ਰਾਰਥੀ ਦੇ ਪਾਸ ਉਕਤ ਜ਼ਮੀਨ ਦਾ ਕੋਈ ਵੀ ਦਸਤਾਵੇਜ ਉਪਲੱਬਧ ਹੈ ਤਾਂ ਉਹ ਦਸਤਾਵੇਜ ਆਪਣੇ ਹਸਤਾਖਰਾਂ ਸਹਿਤ ਤਜਵੀਜ ਨਾਲ ਲਗਾਏਗਾ।

4. ਪ੍ਰਾਰਥੀ ਵੱਲੋਂ ਪੇਸ਼ ਕੀਤੀ ਜਾਣ ਵਾਲੀ ਤਜਵੀਜ/ ਪ੍ਰਤੀਬੇਨਤੀ ਨੂੰ ਹੇਠ ਲਿਖੇ ਕਿਸੇ ਦੋ ਨੁਮਾਇੰਦੀਆਂ ਤੋਂ ਤਸਦੀਕ ਕਰਵਾਈ ਜਾਵੇ:-

    ੳ) ਸਬੰਧਤ ਪਿੰਡ ਦੀ ਪੱਤੀ ਦੇ ਨੰਬਰਦਾਰ।

    ਅ) ਪਿੰਡ ਦੀ ਗਰਾਮ ਪੰਚਾਇਤ ਦਾ ਸਰਪੰਚ।

    ੲ) ਪ੍ਰਾਰਥੀ ਦੀ ਪਰਾਪਰਟੀ ਜਿਸ ਵਾਰਡ ਵਿੱਚ ਆਉਂਦੀ ਹੈ/ਰਹਿੰਦਾ ਹੈ, ਮੈਂਬਰ ਗਰਾਮ ਪੰਚਾਇਤ।

5. ਇਸ ਤਜਵੀਜਤ ਪ੍ਰਤੀਬੇਨਤੀ / ਦਸਤਾਵੇਜਾਂ ਦੀ ਪੜਤਾਲ ਤਹਿਸੀਲਦਾਰ ਵੱਲੋਂ ਕੀਤੀ ਜਾਵੇਗੀ। ਪੜਤਾਲ ਉਪਰੰਤ ਜੇਕਰ ਤਹਿਸੀਲਦਾਰ ਇਸ ਨੂੰ ਠੀਕ ਪਾਉਂਦਾ ਹੈ ਤਾਂ ਉਹ ਇਸ ਸਬੰਧ ਵਿੱਚ ਪ੍ਰਮਾਣ-ਪੱਤਰ ਨਿਰਧਾਰਤ ਪ੍ਰੋਫਾਰਮੇਂ (ਅਨੁਲੱਗ 'ਅ') ਵਿੱਚ ਜਾਰੀ ਕਰੇਗਾ ।

    ਬਿਨੈਕਾਰ ਵੱਲੋਂ ਪੇਸ਼ ਕੀਤੇ ਗਏ ਤਸਦੀਕਸ਼ੁਦਾ ਦਸਤਾਵੇਜਾਂ ਨੂੰ ਸਹੀ ਮੰਨਿਆ ਜਾਵੇ ਜਦੋਂ ਤੱਕ ਕਿ ਉਨ੍ਹਾਂ ਦੇ ਉਲਟ ਕੋਈ ਹੋਰ ਸਬੂਤ ਨਾ ਹੋਣ। ਆਮ ਤੌਰ ਤੇ ਤਹਿਸੀਲਦਾਰ ਵੱਲੋਂ ਇਹ ਪੜਤਾਲ ਖੁਦ ਹੀ ਕੀਤੀ ਜਾਵੇ ਪਰ ਕੋਈ ਖਾਸ ਕਾਰਨਾਂ ਕਰਕੇ ਸਬੰਧਤ ਕਾਨੂੰਗੋ ਅਤੇ ਪਟਵਾਰੀ ਪਾਸੋਂ ਵੀ ਤਫਤੀਸ ਕਰਵਾ ਸਕਦਾ ਹੈ ਅਤੇ ਉਪਰੋਕਤ ਸਾਰੀ ਕਾਰਵਾਈ ਦੀ ਫਾਈਲ ਬਣਾਈ ਜਾਵੇਗੀ।

6. ਇਹ ਸਾਰੀ ਕਾਰਵਾਈ ਪ੍ਰਤੀਬੇਨਤੀ ਪ੍ਰਾਪਤ ਹੋਣ ਦੇ ਤਿੰਨ ਹਫਤਿਆਂ ਦੇ ਅੰਦਰ-ਅੰਦਰ ਪੂਰੀ ਕਰਨੀ ਹੋਵੇਗੀ।

7. ਕੋਈ ਵੀ ਵਿਅਕਤੀ ਤਹਿਸੀਲਦਾਰ ਵੱਲੋਂ ਜਾਰੀ ਕੀਤੇ ਗਏ ਪ੍ਰਮਾਣ ਪੱਤਰ ਵਿਰੁੱਧ ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸ ਅਪੀਲ ਦਾਇਰ ਕਰ ਸਕੇਗਾ। ਉਪ ਮੰਡਲ ਮੈਜਿਸਟਰੇਟ ਇਹ ਅਪੀਲ ਪ੍ਰਾਰਥੀ ਨੂੰ ਸੁਣ ਕੇ ਇਸ ਅਪੀਲ ਦਾ ਨਿਪਟਾਰਾ ਕਰੇਗਾ। ਇਸ ਤੋਂ ਬਾਅਦ ਕੋਈ ਵੀ ਰਵੀਜਨ /

ਅਪੀਲ ਮਾਲ ਵਿਭਾਗ ਵਿੱਚ ਦਾਇਰ ਨਹੀ ਕੀਤੀ ਜਾ ਸਕੇਗੀ। ਇਸ ਤੋਂ ਬਾਅਦ ਪ੍ਰਾਰਥੀ ਕੇਵਲ ਸਬੰਧਤ ਸਿਵਲ ਕੋਰਟ ਵਿੱਚ ਹੀ ਅਪੀਲ ਦਾਇਰ ਕਰ ਸਕੇਗਾ।

ਕਰਨ ਬੀਰ ਸਿੰਘ ਸਿੱਧੂ
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਮਾਲ ਤੇ ਪੁਨਰਵਾਸ ਵਿਭਾਗ।

ਪਿੱਠ ਅੰਕਣ ਨੰ: 23/12/2016-ਮਬ.5/21095 ਚੰਡੀਗੜ੍ਹ, ਮਿਤੀ: 16-12-16

ਇੱਕ ਉਤਾਰਾ ਸਮੇਤ ਸਹਿ-ਪੱਤਰ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾ ਪੰਜਾਬ ਸਰਕਾਰ ਦੇ ਅਸਾਧਾਰਨ ਗਜਟ ਵਿੱਚ ਛਪਵਾਈ ਜਾਵੇ ਅਤੇ ਇਸ ਦੀਆਂ 200 ਕਾਪੀਆਂ ਇਸ ਵਿਭਾਗ ਨੂੰ ਦਫਤਰੀ ਵਰਤੋਂ ਲਈ ਭੇਜੀਆਂ ਜਾਣ।

ਅਧੀਨ ਸਕੱਤਰ ਮਾਲ (ਸ)

ਪਿੱਠ ਅੰਕਣ ਨੰ: 23/12/2016-ਮਬ.5/21095-21374 ਚੰਡੀਗੜ੍ਹ, ਮਿਤੀ: 16-12-16

ਇੱਕ-ਇੱਕ ਉਤਾਰਾ ਸਮੇਤ ਸਹਿ-ਪੱਤਰ ਹੇਠ ਦਰਸਾਇਆਂ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ ।
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ।
3. ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ ਪੰਜਾਬ, ਜਲੰਧਰ ।
4. ਪੰਜਾਬ ਰਾਜ ਦੇ ਸਮੂਹ ਸਬ-ਡਵੀਜਨਲ ਮੈਜਿਸਟਰੇਟ।
5. ਪੰਜਾਬ ਰਾਜ ਦੇ ਸਮੂਹ ਤਹਿਸੀਲਦਾਰ/ ਨਾਇਬ ਤਹਿਸੀਲਦਾਰ ।

ਅਧੀਨ ਸਕੱਤਰ ਮਾਲ (ਸ)

ਇੱਕ-ਇੱਕ ਉਤਾਰਾ ਸਮੇਤ ਸਹਿ-ਪੱਤਰ ਹੇਠ ਦਰਸਾਇਆਂ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

ਅਧੀਨ ਸਕੱਤਰ ਮਾਲ (ਸ)

ਸੇਵਾ ਵਿਖੇ

1. ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ।
2. ਵਿਸ਼ੇਸ ਸਕੱਤਰ / ਮਾਲ ਤੇ ਪੁਨਰਵਾਸ ਮੰਤਰੀ, ਪੰਜਾਬ ।
3. ਨਿੱਜੀ ਸਕੱਤਰ/ ਵਧੀਕ ਮੁੱਖ ਸਕੱਤਰ ਮਾਲ, ਪੰਜਾਬ ।
4. ਸਕੱਤਰ/ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,ਪੰਜਾਬ ।
4. ਪ੍ਰੋਜੈਕਟ ਮੈਨੇਜਰ, ਪੀ.ਐਲ.ਆਰ.ਐਸ.
ਇਹ ਅਧਿਸੂਚਨਾ ਮਾਲ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤੀ ਜਾਵੇ।

ਅ: ਵਿ: ਪੱ: ਨੰ: 23/12/2016-ਮਬ.5/21375-79 ਚੰਡੀਗੜ੍ਹ, ਮਿਤੀ: 16-12-16

ਅਨੁਲੱਗ – ੳ

**ਪੰਜਾਬ ਰਾਜ ਵਿੱਚ ਅੰਦਰੂਨ ਲਾਲ ਲਕੀਰ ਆਬਾਦੀ ਦੇ ਕਬਜ਼ੇ ਦਾ**
**ਪ੍ਰਮਾਣ-ਪੱਤਰ ਸਬੰਧੀ ਬਿਨੈ ਪੱਤਰ**

ਬਿਨੈਕਾਰ ਦੇ ਹਸਤਾਖਰਾਂ ਸਹਿਤ ਪਾਸਪੋਰਟ ਸਾਈਜ਼ ਫੋਟੋ

1. ਬਿਨੈਕਾਰ ਦਾ ਨਾਮ
2. ਪਿਤਾ ਦਾ ਨਾਮ
3. ਪਿੰਡ ਦਾ ਨਾਮ ਅਤੇ ਪੂਰਾ ਪਤਾ
4. ਤਹਿਸੀਲ
5. ਜ਼ਿਲ੍ਹਾ
6. ਸੇਵਾ ਕੇਂਦਰ
7. ਪਿੰਡ ਦੀ ਅੰਦਰੂਨ ਲਾਲ ਲਕੀਰ ਆਬਾਦੀ ਦੇ ਕਬਜ਼ੇ ਵਾਲੀ ਜ਼ਮੀਨ ਦਾ ਵੇਰਵਾ

ਮਿਤੀ :

ਬਿਨੈਕਾਰ ਦੇ ਹਸਤਾਖਰ/ਅੰਗੂਠਾ

ਸਥਾਨ

**ਤਸਦੀਕ**

1.

2.

**ਚੈਕ ਲਿਸਟ**

1. ਪਿੰਡ ਦੀ ਅੰਦਰੂਨ ਲਾਲ ਲਕੀਰ ਆਬਾਦੀ ਵਾਲੀ ਜ਼ਮੀਨ ਦਾ ਚਾਰੇ ਪਾਸੇ ਦਿਸ਼ਾਵਾਂ ਦੇ ਖੇਤਰਫਲ ਦਾ ਨਕਸ਼ਾ (ਵਰਗ ਗਜ਼)।
2. ਹੋਰ ਕੋਈ ਸਬੰਧਤ ਦਸਤਾਵੇਜ਼।
3. ਤਾਜ਼ਾ ਪਾਸਪੋਰਟ ਸਾਈਜ਼ ਫੋਟੋ।

ਅਨੁਲੱਗ - ਅ

## ਅੰਦਰੂਨ ਲਾਲ ਲਕੀਰ ਆਬਾਦੀ ਦੀ ਕਬਜ਼ੇ ਸਬੰਧੀ ਪ੍ਰਮਾਣ-ਪੱਤਰ

ਕੋਰਟ ਤਹਿਸੀਲਦਾਰ ____________ ਤਹਿਸੀਲ ____________

ਜ਼ਿਲ੍ਹਾ ____________ ਪੰਜਾਬ

ਜ਼ਮੀਨ ਮਾਲਕ ਦੀ ਫੋਟੋ

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ____________

ਪੁੱਤਰ ____________ ਨਿਵਾਸੀ ਪਿੰਡ ____________

ਤਹਿਸੀਲ ____________ ਜ਼ਿਲ੍ਹਾ ____________ ਨੂੰ

ਪਿੰਡ ____________ ਵਿੱਚ ਸਥਿਤ ਅੰਦਰੂਨ ਲਾਲ ਲਕੀਰ ਆਬਾਦੀ ਦੇ ਅੰਦਰ ਹੇਠ ਦਿੱਤੇ ਵੇਰਵਿਆਂ ਅਨੁਸਾਰ ਕਬਜ਼ੇ ਦੇ ਆਧਾਰ ਤੇ ਮਾਲਕੀ ਦਾ ਅਧਿਕਾਰ ਹੈ।

ਇਹ ਥਾਂ ਉਸ ਦੇ ਦੁਆਰਾ ਜਾਂ ਉਸ ਦੇ ਉੱਤਰਾ ਅਧਿਕਾਰੀਆਂ ਦੁਆਰਾ ਪੰਜਾਬ ਰਾਜ ਭੌਂ ਮਾਲੀਆ ਐਕਟ, ____________ ਦੇ ਉਪਬੰਧਾਂ ਦੇ ਅਧੀਨ ਪ੍ਰਾਪਤ ਕਰਨ ਦਾ ਅਧਿਕਾਰ ਹੋਵੇਗਾ। ਇਹ ਪ੍ਰਮਾਣ-ਪੱਤਰ ਭਵਿੱਖ ਵਿੱਚ ਪਿੰਡ ਦੀ ਆਬਾਦੀ ਦੇ ਵਿਸਤ੍ਰਿਤ ਮਾਲ ਸਰਵੇਖਣ ਹੋਣ ਤੇ ਵਿਚਾਰ ਸਾਰ ਦੇ ਅਧੀਨ ਹੋਵੇਗਾ।

ਜ਼ਮੀਨ ਦੀ ਚਾਰ ਪਾਸੇ ਸੀਮਾਂ ____________ ਖੇਤਰਫਲ (ਵਰਗ ਮੀਟਰ ਵਿੱਚ) ਲੰਬਾਈ-ਚੌੜਾਈ (ਮੀਟਰ ਵਿੱਚ)

ਪੂਰਬ ਵਿੱਚ

ਪੱਛਮ ਵਿੱਚ

ਉੱਤਰ ਵਿੱਚ

ਦੱਖਣ ਵਿੱਚ

ਨਜ਼ਰੀ ਨਕਸ਼ਾ ਨਿਮਨ-ਅਨੁਸਾਰ ਹੈ:-

ਮਿਤੀ

ਤਹਿਸੀਲਦਾਰ

ਸਥਾਨ

*1160/12-2016/Pb. Govt. Press, S.A.S. Nagar*